ੴ ਸਤਿਗੁਰਪ੍ਰਸਾਦਿ ॥

ਸਰਨਿ ਪਰੇ ਕੀ ਰਾਖੁ ਦਇਆਲਾ ॥ ਨਾਨਕ ਤੁਮਰੇ ਬਾਲ ਗੁਪਾਲਾ ॥ [੧]

ਦੋਹਰਾ

ਕੇਵਲ ਏਕੰਕਾਰ ਕੋ, ਬੰਦੋ ਬਾਰੰ ਬਾਰ । ਸੂਖਮ ਨਿਰਗੁਣ ਬ੍ਰਹਮ ਜੋ, ਅਲਖ ਅਗਮ ਅਪਾਰ ।
ਦੁਤੀਉ ਓਅੰਕਾਰ ਜੋ, ਸਰਗੁਣ ਬ੍ਰਹਮ ਸਰੂਪ । ਜਗਤ ਰੂਪ ਹੁਇ ਬਿਸਤਰਿਓ, ਨਮੋ ਸੋ ਮੰਗਲਰੂਪ ।
ਅਜਪਾ ਬਿਧਿ ਸੋ ਜਾਪ ਕਰ, ਬੀਜ ਮੰਤ੍ਰ ਸਤਿਨਾਮ । ਬਹੁਤ ਵਾਹਿਗੁਰੂ ਨਾਮ ਜੋ, ਸਬ ਨਾਮਨ ਸਿਰਨਾਮ ।
ਸ੍ਰੀ ਗੁਰੂ ਨਾਨਕ ਬੰਦਨਾ, ਜੋਤਿ ਰੂਪ ਹਰਿ ਆਪ । ਜਗਤ ਉਧਾਰਨ ਕਾਰਨੇ, ਬਰ ਧਰ ਪ੍ਰਗਟ ਪ੍ਰਤਾਪ ।
ਤਾਂਹਿ ਅੰਸ ਤੇ ਲਾਗ ਕਰ, ਅੰਗਦ ਭਯੋ ਸਰੂਪ । ਵਾ ਕੇ ਚਰਨ ਪਲੋਸਹੋ, ਦੁਤੀਓ ਮਹਲ ਅਨੂਪ ।
ਗੁਰੂ ਘਰ ਕੇਰੋ ਸਿਲਸਿਲਾ ਪ੍ਰਬ ਮ੍ਰਿਜਾਦਾ ਕੀ ਨੀਵ । ਧਰੀ ਅਮਰ ਗੁਰ ਤੀਸਰੇ, ਤਾਹਿ ਨਮੋ ਧਰਤੀਵ ।
ਰਾਮ ਰੂਪ ਗੁਰ ਰਾਮ ਜੀ, ਦਾਸਨ ਕੇ ਸੁਖਦਾਇ । ਚਰਨਨ ਮਸਤਕ ਲਾਇਹੋ, ਮਨ ਬਚ ਕਰਮ ਸੁਭਾਇ ।
ਪੰਚਮ ਸ੍ਰੀ ਗੁਰੂ ਅਰਜਨੰ, ਬਾਆਂ ਬੋਧ ਬਿਸਾਲ । ਚਰਨ ਧੂਰ ਮੁਖ ਲਾਇ ਸਿਖ ਹੋਇ ਨਿਹਾਲ ਨਿਹਾਲ ।
ਦੋਇ ਖੜਗ ਧਾਰੀ ਗੁਰੂ ਪੀਰੀ ਮੀਰੀ ਕੇਰ । ਖਸ਼ਟਮ ਹਰਿ ਗੋਬਿੰਦ ਜੂ, ਨਮੋ ਕਰੋ ਬਿਨ ਦੇਰ ।
ਹਰੀ ਰੂਪ ਹਰਿ ਰਾਏ ਜੀ, ਰੰਕਨ ਕਰਤਾ ਰਾਇ । ਤਿਨ ਸਪਤਮ ਗੁਰ ਭੂਪ ਕੋ, ਬੰਦਨ ਕਰੋ ਬਨਾਇ ।
ਅਸ਼ਟਮ ਗੁਰੂ ਹਰਿਕ੍ਰਿਸ਼ਨ ਜਿਸ ਦੇਖਤ ਹੀ ਦੁਖ ਜਾਇ । ਦੁੰਦ ਕਲੇਸ਼ਹਿ ਜਾਹਿ ਮਿਟ, ਤਾ ਕੋ ਸੀਸ ਨਿਵਾਇ ।
ਹਿੰਦੂ ਧਰਮ ਨਯ ਡੂਬਤੇ, ਜ਼ੁਲਮ ਰਾਜ ਮਧ ਧਾਰ । ਕਢਿਯੋ ਬਹਾਦ੍ਰ ਤੇਗ਼ ਗੁਰੂ, ਨਵਮੇਂ ਸੀਸ ਦਿਵਾਰ ।
ਨਸ਼ਟ ਕਰ ਦੁਸ਼ਟ ਰਾਜ ਕੋ, ਸੁਖ ਦਰਾਜ ਦਾਤਾਰ । ਸ੍ਰੀ ਦਸਮੇਂ ਗੋਬਿੰਦ ਹਹਿ, ਜਾ ਕੇ ਸਦ ਬਲਹਾਰ ।
ਸਬਦ ਬ੍ਰਹਮ ਕੋ ਰੂਪ ਜੋ, ਪੁਨ ਦਸ ਗੁਰ ਕੇ ਬਾਮ । ਮਨਵਾਂਛਤ ਫਲ ਪਾਵਹੀ, ਗੁਰੂ ਗ੍ਰਿੰਥ ਕੀ ਸਾਮ ।
ਸੰਗਤ ਗੁਰੂ ਕੀ ਖ਼ਾਲਸਾ, ਪੰਥ ਗੁਰੂ ਕਾ ਨਾਮ । ਤਿਸ ਕੋ ਭੀ ਗੁਰ ਰੂਪਤਾ, ਫ਼ਤਹ ਬੁਲਾਉ ਆਮ ।
ਇਮ ਨਿਰਗੁਣ ਸਰਗੁਣ ਪ੍ਰਭੂ, ਦਸ ਗੁਰੂ ਸਾਹਿ ਮਹਾਨ । ਗ੍ਰੰਥੈ ਪੰਥ ਮਨਾਇਆ ਇਸ਼ਟ ਆਪਨੋ ਜਾਨ ।
ਜਿਨ ਕੀ ਕਰੁਣਾ ਪਾਇ ਕਰ ਪੁਨ ਜਿਹ ਬਲ ਕੋ ਧਾਰ । ਗੁਰਮਤ ਨਦ ਢੰਢੋਲ ਕਰ, ਰਤਨਨ ਲੀਨ ਨਿਕਾਰ ।
ਕਰੋ ਕ੍ਰਿਪਾ ਦਸ਼ਮੇਸ਼ ਜੀ, ਸੇਵਕ ਅਪਨੋ ਜਾਨ । ਪੂਰਨ ਹੋਇ ਹਜ਼ੂਰੀ ਮ੍ਰਿਜਾਦਾ ਪ੍ਰਬੋਧ, ਸਫਲ ਹੋਇ ਮਮ ਕਾਮ ।

ਸ਼ੰਕਾਵਾਦੀ ਸਜਨ : - ਤਖ਼ਤ ਹਜ਼ੂਰ ਸਾਹਿਬ ਤੇ ਦੋ ਬੀੜਾਂ ਕਿਉਂ ਪ੍ਰਕਾਸ਼ ਹੁੰਦੀਆਂ ਹਨ ? ਆਦਿ ਗੁਰੂ ਗ੍ਰਿੰਥ ਸਾਹਿਬ ਜੀ ਦੇ ਬਰਾਬਰ ਤੇ ਦਸਮ ਬੀੜ ਕਿਉਂ ਪ੍ਰਕਾਸ਼ ਹੁੰਦੀ ਹੈ ? ਸ਼ੰਕਾਵਾਦੀ ਸਜਨੋ, ਜਿਸਤਰ੍ਹਾਂ ਗੁਰੂ

---

[੧] ਗਉੜੀ ਬਾਵਨ ਅਖਰੀ ਮਹਲਾ ੫, ਪੰਨਾ ੨੬੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਹਰਿਗੋਬਿੰਦ ਸਾਹਿਬ ਜੀ ਨੇ ਮੀਰੀ, ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਸਨ, ਇਸੇਤਰ੍ਹਾਂ ਦੋ ਬੀੜਾਂ ਪ੍ਰਕਾਸ਼ ਹੁੰਦੀਆਂ ਹਨ। ਆਦਿ ਬੀੜ ਪਰਲੋਕ ਦਾ ਰਸਤਾ ਦਿਖਾਉਂਦੀ ਹੈ ਔਰ ਦਸਮ ਬੀੜ ਇਸ ਲੋਕ ਦਾ [੨]। ਅਗ੍ਰ ਦਸਮ ਬੀੜ ਦਾ ਵ ਬਾਣੀ ਦਾ ਗਿਆਤਾ ਹੋ ਜਾਏ, ਤਾਂ ਉਸਨੂੰ ਰਾਜ ਕਾਜ ਚਲਾਉਣ ਵਾਸਤੇ ਵਲੈਤ ਦੀ ਪੜਾਈ ਕਰਨੀ ਨਹੀਂ ਪੜ੍ਹੇਗੀ।

ਸ਼ੰਕਾਵਾਦੀ : - ਗੁਰੂ ਸਾਹਿਬ ਜੀ ਨੇ ਦਸਮ ਗੁਰੂ ਗ੍ਰਿੰਥ ਸਾਹਿਬ ਨੂੰ ਤਾਂ ਗੁਰਆਈ ਨਹੀਂ ਦਿਤੀ। ਇਸਦਾ ਕੀ ਕਾਰਨ ? ਭਾਈ ਸ਼ੰਕਾਵਾਦੀ ਸਜਨੋ, ਜਿਸ ਗੁਰੂ ਸਾਹਿਬ ਨੂੰ ਗੁਰਤਾ ਗਦੀ ਪ੍ਰਾਪਤ ਹੋਇ, ਉਸ ਦੀ ਬਾਣੀ ਨੂੰ ਕਹਿਨਾ ਕਿ ਇਸਨੂੰ ਗੁਰਤਾ ਗਦੀ ਪ੍ਰਾਪਤ ਨਹੀਂ, ਕਿਤਨੀ ਅੰਜਾਨ-ਪਨੇ ਦੀ ਦਲੀਲ ਹੈ, ਕਿਉਂਕਿ ਆਦਿ ਬਾਣੀ ਵਿਚ ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ : -

ਬਾਣੀ ਗੁਰੂ ਗੁਰੂ ਹੈ ਬਾਣੀ [੩]

ਇਸ ਵਿਚ ਫ਼ਰਕ ਸਮਝਨਾ, ਏਹੀ ਮੂਰਖਤਾਈ ਹੈ ਵ ਮਨਮਤ ਹੈ। ਜਿਸਤਰ੍ਹਾਂ ਕਿ ਕੋਈ ਰਾਜਾ ਤਖ਼ਤ ਤੇ ਬੈਠਾ ਹੋਵੈ। ਉਸ ਨੂੰ ਕਹਿਣਾ ਕਿ ਤੈਨੂੰ ਅਸੀਂ ਰਾਜਾ ਸਾਹਿਬ ਮੰਨਦੇ ਹਾਂ, ਪ੍ਰ ਤੇਰੇ ਹੁਕਮ ਨੂੰ ਸ਼ਾਹੀ ਫ਼ੁਰਮਾਨ ਨਹੀਂ ਮੰਨਦੇ। ਏਹੀ ਅੰਜਾਨ-ਪਨਾ ਹੈ। ਏਹ ਝਗੜਾ ਪਹਿਲੇ ਭੀ ਏਕ ਦਫ਼ਾ ਖੜਾ ਹੋਯਾ ਸੀ ਕਿ ਜਿਸ ਵਖਤ ਸਿੰਘ ਜੰਗਲਾਂ ਵਿਚ ਰਹਿੰਦੇ ਸਨ। ਇਤਹਾਸ ਵਿਚ ਜ਼ਿਕਰ ਆਉਂਦਾ ਹੈ, ਜਿਸ ਵਖਤ ਮਸੇ ਰੰਘੜ ਨੇ ਹਰਿਮੰਦਰ ਸਾਹਿਬ ਸ੍ਰੋਵਰ ਦੀ ਬੇਅਦਬੀ ਕਰ ਰਿਹਾ ਸੀ, ਉਸ ਵਕਤ ਬੀਕਾਨੇਰ ਦੀ ਤ੍ਰਫ਼ ਸੁਖਾ ਸਿੰਘ ਜਥੇਦਾਰ ਤੇ ਮਹਿਤਾਬ ਸਿੰਘ ਦੇ ਜਥੇ ਵਿਚ ਏਹੀ ਚਰਚਾ ਹੋ ਰਹੀ ਸੀ ਕਿ ਦਸਮ ਬੀੜ ਗੁਰਬਾਣੀ ਮੰਨਨਾ ਚਾਹੀਏ ਕਿ ਨਹੀਂ। ਇਤਨੇ ਚਿਰ ਨੂੰ ਅਮ੍ਰਤਸਰ ਤੋਂ ਏਕ ਸਿੰਘ ਨੇ ਆ ਕੇ ਖ਼ਬ੍ਰ ਦਿਤੀ ਕਿ ਤੁਰਕਾਨੀ ਫ਼ੌਜਾਂ ਨੇ ਅਮ੍ਰਤਸਰ ਜੀ ਤੇ ਕਬਜ਼ਾ ਕਰ ਲਿਆ ਹੈ ਤੇ ਹਰਿਮੰਦ੍ਰ ਸਾਹਿਬ ਵਿਚ ਪਲੰਗ ਬਿਛਾ ਕੇ ਮਸਾ ਰੰਘੜ ਬੈਠਾ ਹੋਯਾ ਹੈ। ਮੈਫ਼ਿਲ ਲਗੀ ਹੋਈ ਹੈ। ਏਹ ਸਬ ਸੁਨ ਕੇ ਬਹੁਤ ਕੁਛ ਵਿਚਾਰ ਕਰਨ ਤੋਂ ਬਾਦ ਏਹ ਫ਼ੈਸਲਾ ਹੋਇਆ ਕਿ ਦੋ ਸਿੰਘ ਜਾਨ ਤੇ ਮਸੇ ਰੰਘੜ ਦਾ ਸਿਰ ਵੱਢ ਕੇ ਲਿਆਵਨ। ਅਰਦਾਸ ਸੋਧਿਆ ਗਿਆ ਕਿ ਹੇ ਸਚੇ ਪਾਤਸ਼ਾਹ ਜੀਓ, ਅਗ੍ਰ ਦਸਮ ਬੀੜ ਪੂਰਨ ਆਦਿ ਗੁਰਬਾਣੀ ਦੇ ਬ੍ਰਾਬ੍ਰ ਹੈ, ਤਾਂ ਏਹ ਸਿੰਘ ਮਸੇ ਰੰਘੜ ਦਾ ਸਿਰ ਵੱਢ ਕੇ ਲਿਆਵਨਗੇ। ਨਹੀਂ ਤਾਂ ਏਹਦੇ ਵਿਚ ਕਾਂਟ-ਛਾਂਟ ਕਰਕੇ ਸ੍ਰੀ ਮੁਖਵਾਕ ਬਾਣੀ ਰਖ ਕੇ ਬਾਕੀ ਕਢ ਦਿਆਂਗੇ।

ਨਾਨਕ ਨਾਮ ਚੜਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।

---

[੨] ਦੋਵੇਂ ਬੀੜਾਂ ਹੀ ਲੋਕ ਤੇ ਪ੍ਰਲੋਕ ਦਾ ਰਸਤਾ ਦਿਖਾਉਂਦੀਆਂ ਹਨ।

[੩] ਨਟ ਮਹਲਾ ੪, ਪੰਨਾ ੯੮੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਏਹ ਉਸ ਵਖਤ ਦਸਮ ਬੀੜ ਦੇ ਬਾਣੀ ਦੀ ਪ੍ਰੀਖਿਯਾ ਰਖੀ ਗਈ ਸੀ । ਮਹਿਤਾਬ ਸਿੰਘ, ਸੁਖਾ ਸਿੰਘ ਮਸੇ ਰੰਘੜ ਦਾ ਸਿਰ ਵੱਢ ਕੇ ਲੇ ਆਏ । ਲਿਆ ਕੇ ਜਥੇ ਦੇ ਸਾਮਨੇ ਰਖ ਦਿਤਾ । ਉਸ ਵਖਤ ਖ਼ੁਸ਼ੀ ਵਿਚ ਦਸਮ ਗੁਰੂ ਗ੍ਰਿੰਥ ਸਾਹਿਬ ਜੀ ਦਾ ਅਖੰਡ ਪਾਠ ਰਖਿਆ ਗਿਯਾ ਔਰ ਏਹ ਫ਼ੈਸਲਾ ਹੋਯਾ ਕਿ ਦਸਮ ਬੀੜ ਦੀ ਬਾਣੀ ਜਿਉਂ ਦੀ ਤਿਉਂ ਰਹਿਨ ਦਿਤੀ ਜਾਏ । ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ॥

ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ ॥ ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ ॥[੪]

ਸੋ, ਦਸ਼ਮੇਸ਼ ਪਿਤਾ ਜੀ ਫ਼ੁਰਮਾਉਂਦੇ ਹਨ ਕਿ ਜਿਤਨੀ ਜੁੱਧ-ਮਈ ਬਾਣੀ ਰਚੀ ਹੈ, ਧਰਮ ਜੁੱਧ ਵਾਸਤੇ ਸੂਰਮਿਆਂ ਨੂੰ ਚਾਅ ਚੜ੍ਹਾਨ ਵਾਸਤੇ । ਬਾਕੀ, ਰਾਜ ਕਰੇਗਾ ਖ਼ਾਲਸਾ । ਜਦ ਖ਼ਾਲਸਾ ਰਾਜ ਕਰੇਗਾ, ਉਸ ਵਕਤ ਖ਼ਾਲਸੇ ਦੇ ਸਾਮਨੇ ਜ਼ਰ, ਜੋਰੂ, ਜ਼ਮੀਨ ਦੇ ਝਗੜੇ ਆਇਆ ਕਰਨਗੇ । ਜਿਸਦਾ ਫ਼ੈਸਲਾ ਬਿਨਾਂ ਬੀਚਾਰੇ ਨਹੀਂ ਕਰਨਾ ਹੋਗਾ । ੪੦੫ ਚਾਰ ਸੌ ਪਾਂਚ ਚਰਿਤ੍ਰਾਂ ਵਿਚੋਂ ਅਛੀ ਤਰ੍ਹਾਂ ਛਾਨ-ਬੀਨ ਕਰ ਕੇ ਫ਼ੈਸਲਾ ਕਰਕੇ । ਸ਼ੰਕਾਵਾਦੀ ਸਜਨੋ, ਖ਼ਾਲਸਾ ਪੰਥ ਵਿਚ ਦਸਮ ਬਾਣੀ ਨੂੰ ਜਾਦਾ ਮਾਨਤਾ ਦਿਤੀ ਗਈ ਹੈ, ਕਿਉਂਕਿ ਅੰਮ੍ਰਿਤ ਤਿਆਰ ਕਰਨ ਸਮੇਂ ਦੋ ਬਾਣੀਆਂ ਆਦਿ ਗੁਰੂ ਗ੍ਰਿੰਥ ਸਾਹਿਬ ਜੀ ਦੀਆਂ ਔਰ ਤੀਨ ਬਾਣੀਆਂ ਦਸਮ ਗੁਰੂ ਗ੍ਰਿੰਥ ਸਾਹਿਬ ਜੀ ਦੀਆਂ ਪੜ੍ਹੀਆਂ ਜਾਂਦੀਆਂ ਹਨ । ਔਰ ਗੁਰਸਿਖਾਂ ਦੀ ਅ੍ਰਦਾਸ ਸ੍ਰੀ ਮੁਖਵਾਕ ਪਾਤਸ਼ਾਹੀ ੧੦ ਤੋਂ ਹੀ ਸ਼ੁਰੂ ਹੁੰਦੀ ਹੈ । ਇਸ ਵਾਸਤੇ ਪੰਥ ਵਿਚ ਦਸਮ ਬਾਣੀ ਜਾਦਾ ਪੜ੍ਹੀ ਜਾਂਦੀ ਵ ਮੰਨੀ ਜਾਂਦੀ ਹੈ । ਸ਼ੰਕਾਵਾਦੀ ਸਜਨੋ, ਤਖ਼ਤ ਸ੍ਰੀ ਹਜ਼ੂਰ ਸਾਹਿਬ ਵਲ ਨਿਗ੍ਹਾ ਕਰੋ ਵ ਦਰਸ਼ਨ ਕਰੋ । ਕਿਸਤਰ੍ਹਾਂ ਚੰਦ੍ਰਮਾ ਤੇ ਸੀਤਲ ਪ੍ਰਕਾਸ਼ ਹੋ ਰਿਹਾ ਹੈ !

ਪ੍ਰਮਾਨ : -

ਕਬਿਤ । ਚੰਦ੍ਰ ਸਮਾਨ ਗੁਰੂ ਮੰਦ੍ਰ ਮਹਾਨ ਕਰੇ ਦ੍ਰਸਨ ਜਹਾਨ ਸਿੰਘ ਦੂਰ ਦੂਰ ਤੋਂ ਆਉਂਦੇ । ਪੰਜ ਅਸਵਾਰੇ ਨਿਤ ਮੰਦ੍ਰ ਮੰਝਾਰੇ ਰਾਗੀ ਸਿੰਘ ਰਾਗ ਨਿਤ ਗਾਉਂਦੇ । ਛੱਬ ਚਾਂਦਨੀ ਕੀ ਨਿਆਰੀ, ਨਾਲ ਝਾਲਰ ਹੈ ਪਿਆਰੀ, ਤੇਜ ਜਿਉਂ ਦੋਪਹਿਰੀ ਗੁਰੂ ਜੀ ਦਿਖਾਉਂਦੇ ।

ਸ਼ੰਕਾਵਾਦੀ ਸਜਨੋ, ਆਓ, ਸ਼੍ਰਧਾ ਵਿਚ ਹੋ ਕੇ ਤਖ਼ਤ ਸਾਹਿਬ ਜੀ ਦੇ ਦਰਸ਼ਨ ਕਰੋ । ਦਸ਼ਮੇਸ਼ ਪਿਤਾ ਜੀ ਤੋਂ ਅਸੀਸਾਂ ਔਰ ਖ਼ੁਸ਼ੀਆਂ ਹਾਸਿਲ ਕਰੋ, ਤਾਂਕਿ ਤੁਹਾਡੀ ਯਾਤਰਾ ਸਫਲ ਹੋਏ ।

ਸ੍ਰੀ ਮੁਖਵਾਕ : ਸਫਲ ਸਫਲ ਭਈ ਸਫਲ ਜਾਤ੍ਰਾ ॥ [੫]

---

[੪] ਕ੍ਰਿਸ਼ਨਾਵਤਾਰ, ਪੰਨਾ ੫੭੦, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

[੫] ਧਨਾਸਰੀ ਮਹਲ ੫ ਘਰੁ ੬ ਅਸਟਪਦੀ, ਪੰਨਾ ੬੮੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਸ਼ੰਕਾਵਾਦੀ ਸਜਨੋ, ਸ਼ੰਕਾਵਾਦੀ ਬਨ ਕੇ ਦਰਸ਼ਨ ਕਰੋਗੇ, ਤਾਂ ਤੁਹਾਡੇ ਉਤੇ ਤੁਕਾਂ ਗੁਰਬਾਣੀ ਦੀਆਂ ਢੁਕਨਗੀਆਂ : -

ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥ ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥ [੬]

ਸ਼ੰਕਾਵਾਦੀ ਸਜਨੋ, ਤੁਹਾਡਾ ਟੈਮ ਜਿਤਨਾ ਹਜ਼ੂਰ ਸਾਹਿਬ ਯਾਤ੍ਰਾ ਦਾ ਤੁਸਾਂ ਮੁਕੱਰਰ ਕੀਤਾ ਹੈ, ਮੁਕਦਾ ਜਾ ਰਿਹਾ ਹੈ। ਇਸ ਸਮੇਂ ਦੇ ਅੰਦ੍ਰ ਸ਼੍ਰਧਾ ਵਿਚ ਹੋ ਕੇ ਦਰਸ਼ਨ ਕਰੋ।

ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥ [੭]

ਇਸ ਸਮੇਂ ਅੰਦਰ ਕਥਾ ਕੀਰਤਨ ਸ਼੍ਰਵਨ ਕਰ ਦਸ਼ਮੇਸ਼ ਪਿਤਾ ਜੀ ਦੇ ਜਵਹਰੀ ਬੱਚੇ ਬੱਚੀਆਂ ਬਣੋ। ਕਾਂਚ ਕੌਡੀਆਂ ਠੀਕਰੀਆਂ ਵਨਜ ਛਡ ਕੇ ਲਾਲ, ਰਤਨ ਦਾ ਵਣਜ ਕਰੋ ਔਰ ਅਪਨੀ ਕੋਈ ਭੀ ਘੜੀ ਵ ਵਖਤ ਉਸਤਤ ਨਿੰਦਿਆ ਵਿਚ ਨਾ ਗਵਾਂਦੇ ਹੋਏ, ਅਪਨਾ ਜਨਮ ਔਰ ਵਖਤ ਸਫਲ ਕਰੋ।

---

[੬] ਸਿਰੀਰਾਗੁ ਮਹਲਾ ੫, ਪੰਨਾ ੪੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

[੭] ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਪੰਨਾ ੯੬੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।